# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ

ਈ ਮੇਲ: directorscert@punjabeducation.gov.in, ਫੋਨ.ਨੰ: 0172-2212221


2025122547

ਡ੍ਰੀ-6

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ ਅਤੇ ਸੈ.ਸਿੱ)
ਪੰਜਾਬ।

ਮੀਮੋ ਨੰਬਰ: SCERT/SCIENCE/2025/e-244277 ਮਿਤੀ: ਸ.ਅ.ਸ.ਨਗਰ:27.08.2025

**ਵਿਸ਼ਾ: ਪ੍ਰੋਜੈਕਟ ਇੰਨੋਵੇਸ਼ਨ ਤਹਿਤ 347 PM SHRI ਸਕੂਲਾਂ ਅੰਦਰ ਸਾਇੰਸ ਅਤੇ ਮੈਥ ਵਿਸ਼ੇ ਦੀ Experimental Learning ਨੂੰ ਪ੍ਰਫੁੱਲਿਤ ਕਰਨ ਲਈ ਕਿਰਿਆਵਾਂ ਕਰਵਾਉਣ ਸੰਬੰਧੀ**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਦੇ ਸੰਬੰਧ ਵਿੱਚ ਸੈਸ਼ਨ 2025-26 ਦੌਰਾਨ 6ਵੀਂ ਤੋਂ 10ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਗਿਆਨ ਵਿਸ਼ੇ ਦੀ ਪਾਠ-ਪੁਸਤਕ ਵਿੱਚ ਦਰਜ਼ ਕਿਰਿਆਵਾਂ (ਸੂਚੀ ਪੱਤਰ ਨਾਲ ਨੱਥੀ) ਕਰਵਾਉਣ ਲਈ ਇਹਨਾਂ ਪ੍ਰਯੋਗਾਂ ਨਾਲ ਸੰਬੰਧਤ ਜ਼ਰੂਰੀ ਸਮੱਗਰੀ (Consumable and Non-consumable) ਉਪਲੱਬਧ ਕਰਵਾਉਣ ਅਤੇ Experimental Learning ਨੂੰ ਪ੍ਰਫੁਲਿੱਤ ਕਰਨ ਹਿੱਤ ਸਮੂਹ ਜ਼ਿਲ੍ਹਿਆਂ ਦੇ 347 PM SHRI ਸਕੂਲਾਂ ਨੂੰ @10,000 ਰੁ./ਸਕੂਲ ਰਾਸ਼ੀ ਜਾਰੀ ਕੀਤੀ ਜਾਵੇਗੀ।

3.0 ਸਮੂਹ PM SHRI ਸਕੂਲ ਮੁਖੀਆਂ ਦੁਆਰਾ ਸਮੱਗਰਾ ਦੇ ਪ੍ਰਕਿਓਰਮੈਂਟ ਨਿਯਮਾਂ ਅਨੁਸਾਰ ਉਕਤ ਰਾਸ਼ੀ ਦੀ ਵਰਤੋਂ ਸਾਇੰਸ ਅਤੇ ਮੈਥ ਵਿਸ਼ੇ ਦੀ Experimental Learning ਨੂੰ ਪ੍ਰਫੁਲਿੱਤ ਕਰਨ ਲਈ ਜ਼ਰੂਰੀ ਸਮੱਗਰੀ ਦੀ ਖਰੀਦ ਲਈ ਕੀਤੀ ਜਾਵੇ।

4.0 ਇਸ ਤੋਂ ਇਲਾਵਾ ਉਕਤ ਰਾਸ਼ੀ ਨੂੰ ਸਕੂਲ ਦੁਆਰਾ ਲੋੜ ਅਨੁਸਾਰ ਰਾਸ਼ਟਰੀ ਅਵਿਸਕਾਰ ਅਭਿਆਨ ਅਧੀਨ ਹੋਣ ਵਾਲੀਆਂ ਸਾਇੰਸ ਅਤੇ ਮੈਥ ਵਿਸ਼ੇ ਦੀਆਂ ਪ੍ਰਦਰਸ਼ਨੀਆਂ ਦੇ ਮਾਡਲ ਬਣਾਉਣ ਲਈ ਵੀ ਵਰਤਿਆ ਜਾ ਸਕਦਾ ਹੈ।

5.0 ਉਕਤ ਸਮੱਗਰੀ/ਸਮਾਨ ਸਕੂਲ ਮੁਖੀ ਦੁਆਰਾ ਵਿਗਿਆਨ ਅਤੇ ਮੈਥ ਵਿਸ਼ੇ ਦੇ ਅਧਿਆਪਕਾਂ ਨੂੰ ਸ਼ਾਮਿਲ ਕਰਦੇ ਹੋਏ ਤਿੰਨ ਮੈਂਬਰੀ ਕਮੇਟੀ ਬਣਾ ਕੇ ਹੀ ਖਰੀਦਿਆ ਜਾਵੇ।

6.0 ਉਕਤ ਸਮਾਨ ਦਾ ਮਿਆਰ ਅਤੇ ਗੁਣਵੱਤਾ ਵਧੀਆ ਕਿਸਮ ਦੀ ਹੋਣ ਦੀ ਨਿਰੋਲ ਜਿੰਮੇਵਾਰੀ ਕਮੇਟੀ ਦੀ ਹੋਵੇਗੀ।

7.0 ਸਕੂਲ ਦੁਆਰਾ ਸਾਇੰਸ ਅਤੇ ਮੈਥ ਵਿਸ਼ੇ ਦੀਆਂ ਕਿਰਿਆਵਾਂ ਕਰਵਾਉਣ ਉਪਰੰਤ ਕਿਰਿਆਵਾਂ ਦਾ ਰਿਕਾਰਡ ਵਿਦਿਆਰਥੀਆਂ ਦੁਆਰਾ ਸੰਬੰਧਤ ਵਿਸ਼ੇ ਦੀਆਂ ਕਾਪੀਆਂ ਵਿੱਚ ਮੇਨਟੇਨ ਕੀਤਾ ਜਾਵੇ ਅਤੇ ਸੰਬੰਧਤ ਅਧਿਆਪਕ ਦੁਆਰਾ ਲੈਬ ਦੇ ਪ੍ਰੈਕਟੀਕਲ ਰਿਕਾਰਡ ਰਜ਼ਿਸਟਰ ਵਿੱਚ ਇਸਦਾ ਵੇਰਵਾ/ਰਿਕਾਰਡ ਦਰਜ਼ ਕੀਤਾ ਜਾਵੇ।

8.0 ਉਕਤ ਗਤੀਵਿਧੀ ਅਧੀਨ ਸਮੇਂ-ਸਮੇਂ ਤੇ ਸਾਇੰਸ ਅਤੇ ਮੈਥ ਵਿਸ਼ੇ ਦੀਆਂ ਕਿਰਿਆਵਾਂ ਕਰਵਾਉਣ ਉਪਰੰਤ ਗਤੀਵਿਧੀਆਂ ਦੀਆਂ ਫੋਟੋਆਂ, ਵੇਰਵਾ ਤੇ ਹੋਰ ਰਿਕਾਰਡ ਗਤੀਵਿਧੀ ਰਜਿਸਟਰ ਵਿੱਚ

ਦਰਜ਼ ਕੀਤਾ ਜਾਵੇ ਅਤੇ SQAF ਪੋਰਟਲ ਤੇ ਅਪਲੋਡ ਕਰਨ ਲਈ ਗਤੀਵਿਧੀ ਦੀ ਰਿਪੋਰਟ ਅਤੇ ਛੋਟੀਆਂ ਵੀਡਿਉ ਕਲਿੱਪ ਤਿਆਰ ਕੀਤੀਆ ਜਾਣ।

9.0 ਕੀਤੇ ਗਏ ਖਰਚੇ ਦਾ ਸਾਮੱਗਰਾਂ ਦੇ ਵਿੱਤੀ ਨਿਯਮਾਂ ਅਨੁਸਾਰ ਪੂਰਾ ਰਿਕਾਰਡ ਰੱਖਿਆ ਜਾਵੇ ਅਤੇ ਖਰੀਦੇ ਗਏ ਸਮਾਨ ਦਾ ਸਟਾਕ ਰਜਿਸਟਰ ਵਿੱਚ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ।

10.0 ਉਕਤ ਰਾਸ਼ੀ ਦੀ ਵਰਤੋਂ 31 ਅਕਤੂਬਰ, 2025 ਤੱਕ ਹਰ ਹਾਲਤ ਵਿੱਚ ਕਰਨੀ ਯਕੀਨੀ ਬਣਾਈ ਜਾਵੇ।

11.0 ਖਰਚ ਕੀਤੀ ਰਾਸ਼ੀ ਦੇ ਵੇਰਵੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਦੇ ਸਹਿਯੋਗ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਦੁਆਰਾ ਪ੍ਰਬੰਧ ਪੋਰਟਲ ਤੇ ਅਪਡੇਟ ਕਰਨੇ ਯਕੀਨੀ ਬਣਾਏ ਜਾਣ।

12.0 ਉਕਤ ਕਿਰਿਆਵਾਂ ਅਤੇ ਰਿਕਾਰਡ ਦੀ ਮੋਨੀਟਰਿੰਗ ਸਮੇਂ-ਸਮੇਂ ਤੇ ਮੁੱਖ ਦਫ਼ਤਰ ਦੀਆਂ ਟੀਮਾਂ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ ਐ.ਸਿੱ), ਪ੍ਰਿੰਸੀਪਲ ਡਾਇਟ, ਡਾਇਟ ਫੈਲਕਟੀ, ਬਲਾਕ ਨੋਡਲ ਅਫ਼ਸਰ ਅਤੇ ਅਕਾਦਮਿਕ ਸਪੋਰਟ ਗਰੁੱਪ (ASG) ਦੇ ਮੈਂਬਰਾਂ ਦੁਆਰਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

13.0 ਸਕੂਲਾਂ ਦੁਆਰਾ ਉਕਤ ਜਾਰੀ ਰਾਸ਼ੀ ਖਰਚ ਹੋਣ ਉਪਰੰਤ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨਾਲ ਉਚਿੱਤ ਤਾਲਮੇਲ ਕਾਇਮ ਕਰਕੇ ਹਰ ਹਾਲਤ ਵਿੱਚ ਵਿੱਤ ਸ਼ਾਖਾ ਅਤੇ ਐਸ.ਸੀ.ਈ.ਆਰ.ਟੀ. ਦਫ਼ਤਰ ਦੀ ਈ.ਮੇਲ. ppppscience2022@punjabeducation.gov.in ,ਤੇ ਮਿਤੀ 15 ਨਵੰਬਰ, 2025 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

ਕਿਰਨ ਸ਼ਰਮਾ, ਪੀ.ਸੀ.ਐਸ.
ਡਾਇਰੈਕਟਰ,
ਐੱਸ.ਸੀ.ਈ.ਆਰ.ਟੀ., ਪੰਜਾਬ।
ਮਿਤੀ: ਸ.ਅ.ਸ. ਨਗਰ: 22.08.2025

ਪਿੱਠ ਅੰਕਣ ਨੰ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸੰਬੰਧਤ ਸਕੂਲ ਮੁਖੀ

ਸਹਾਇਕ ਡਾਇਰੈਕਟਰ, AQT
ਐੱਸ.ਸੀ.ਈ.ਆਰ.ਟੀ., ਪੰਜਾਬ।

[illegible]